੧੮੬

ਕੀ ਇਹ ਸਿੱਖੀ ਹੈ?

(ਲੇਖਕ: ਡਾ: ਕਰਤਾਰ ਸਿੰਘ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਜੋ ਦਸ਼ਾ ਸੰਸਾਰ ਵਿੱਚ ਸੀ, ਉਸ ਪ੍ਰਥਾਇ ਗੁਰੂ ਜੀ ਫੁਰਮਾਉਂਦੇ ਹਨ:

– ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ (੧੪੫)

ਰਾਜੇ ਕਸਾਈ ਬਣੇ ਹੋਏ ਹਨ ਜਿਨ੍ਹਾਂ ਦੇ ਹੱਥੀਂ ਅਨਿਆਏ ਅਤੇ ਜ਼ੁਲਮ ਦੀ ਛੁਰੀ ਫੜੀ ਹੋਈ ਹੈ ਜਿਸ ਨਾਲ ਪਰਜਾ ਕੋਹੀ ਜਾ ਰਹੀ ਹੈ। ਧਰਮ ਜਿਵੇਂ ਪੰਖ ਲਾ ਕੇ ਉਡ ਗਿਆ ਹੈ ਅਤੇ ਕੂੜ ਦੀ ਮੱਸਿਆ ਹਨੇਰੀ ਵਾਂਗ ਛਾ ਰਹੀ ਹੈ। ਸੱਚ ਜੋ ਚੰਦ੍ਰਮਾਂ ਵਾਂਗ ਚਾਨਣ ਦੇਣਹਾਰ ਹੈ, ਕਿਸੇ ਵੀ ਪਾਸੇ ਚੜਿਆ ਹੋਇਆ ਨਜ਼ਰੀਂ ਨਹੀਂ ਪੈਂਦਾ। ਮੈਂ ਸੱਚ ਦੀ ਭਾਲ ਵਿੱਚ ਵਿਆਕੁਲ ਹੋ ਰਿਹਾ ਹਾਂ, ਹਨੇਰੇ ਵਿੱਚ ਬਚਾਉਂਦਾ ਕੋਈ ਰਸਤਾ ਨਜ਼ਰ ਨਹੀਂ ਆ ਰਿਹਾ। ਸੱਚ ਦੀ ਘਾਟ ਕਰਕੇ ਸ੍ਰਿਸ਼ਟੀ ਹਉਮੈ ਵਿੱਚ ਫਸੀ ਦੁੱਖੀ ਹੋ ਰਹੀ ਸੀ। ਹੇ ਨਾਨਕ! ਕਿਸ ਵਿਧੀ ਨਾਲ ਕਲਿਆਣ ਹੋਵੇ ਤੇ ਸੁੱਖਾਂ ਦਾ ਸਾਹ ਮਿਲੇ?

ਉਸ ਸਮੇਂ ਧਰਮ ਉੱਕਾ ਹੀ ਉਡ ਚੁੱਕਾ ਸੀ। ਕੂੜ ਪ੍ਰਧਾਨ ਹੋ ਕੇ ਬਾਹਾਂ ਲੁਡਾਉਂਦਾ ਹੋਇਆ ਆਪ ਮੁਹਾਰੇ ਮੌਜਾਂ ਮਾਣ ਰਿਹਾ ਸੀ। ਅਨਿਆਇ ਅਤੇ ਧਿੰਗੋਜੋਰੀ ਸਿਖਰਾਂ ਉਪਰ ਸੀ। ਰਾਜੇ ਕਸਾਈਆਂ ਵਾਂਗ ਪਰਜਾ ਨੂੰ ਜ਼ੁਲਮ ਦੀ ਛੁਰੀ ਨਾਲ ਕੋਹ ਰਹੇ ਸਨ। ਧਰਮ ਕੇਵਲ ਰਸਮ ਬਣ ਕੇ ਰਹਿ ਗਿਆ ਸੀ। ਪੂਜਾ ਪਾਠ, ਜਪ ਤਪ, ਤੀਰਥ ਇਸ਼ਨਾਨ, ਪੁੰਨਦਾਨ, ਜਾਤ-ਪਾਤ, ਮੂਰਤੀ ਪੂਜਾ, ਦੇਵੀ ਦੇਵਤਿਆਂ ਦਾ ਧਿਆਨ ਧਰਨਾ ਹੀ ਸਹੀ ਧਰਮ ਸਮਝਿਆ ਜਾਣ ਲੱਗ ਪਿਆ ਸੀ। ਭਰਮ ਭ੍ਰਾਂਤੀ, ਈਰਖਾ ਦਵੈਸ਼, ਨਿੰਦਾ ਬਖੀਲੀ, ਦਗਾ ਧ੍ਰੋਹ ਪੂਰੀ ਤਰ੍ਹਾਂ ਪ੍ਰਧਾਨ ਸਨ। ਭ੍ਰਿਸ਼ਟਾਚਾਰ ਪੂਰੇ ਜ਼ੋਰਾਂ 'ਤੇ ਸੀ। ਕਾਮ, ਕ੍ਰੋਧ, ਮੋਹ ਤੇ ਅਹੰਕਾਰ ਦੀ ਅਗਨੀ ਵਿੱਚ ਲੁਕਾਈ ਸੜ ਰਹੀ ਸੀ। ਹਰ ਪਾਸੇ ਅਸ਼ਾਂਤੀ ਹੀ ਪਸਰੀ ਹੋਈ ਸੀ।

ਇਸ ਦਾ ਕਾਰਨ ਗੁਰੂ ਨਾਨਕ ਦੇਵ ਜੀ ਉਪਰਲੀ ਤੁਕ ਵਿੱਚ ਸਪੱਸ਼ਟ ਕਰਦੇ ਹਨ ਕਿ ਅਸਲ ਧਰਮ ਖ਼ਤਮ ਹੋ ਚੁੱਕਾ ਸੀ। ਧਰਮ ਦੀ ਨੀਂਹ ਸੱਚ ਤੇ ਹੁੰਦੀ ਹੈ ਅਤੇ ਸੱਚ ਜੀਵਨ ਵਿੱਚ ਤਦ ਘੱਟਦਾ ਹੈ ਜਦੋਂ **"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"** (੧) ਨੂੰ ਅਨੁਭਵ ਵਿੱਚ ਲਿਆਈਏ। ਪਾਤਿਸ਼ਾਹ ਨੇ ਆ ਕੇ ਭਰਮ ਭ੍ਰਾਂਤੀ ਦੇ ਹਨੇਰੇ ਵਿੱਚ ਪਈ ਲੁਕਾਈ ਨੂੰ ਉਪਦੇਸ਼ ਦਿੱਤਾ ਕਿ ਭੁਲੇਖੇ ਜੋ ਭਰਮ ਭ੍ਰਾਂਤੀ ਤੋਂ ਉਪਜਦੇ ਹਨ, ਇਨ੍ਹਾਂ ਨੂੰ ਦੂਰ ਕਰੋ। ਇਹ ਗੱਲ ਹਜ਼ੂਰ ਨੇ ਐਵੇਂ ਨਹੀਂ ਆਖੀ ਕਿ ਮੇਰੀ ਗੱਲ ਤੇ ਭਰੋਸਾ ਕਰੋ, ਨਹੀਂ, ਇਸਦੇ ਉਲਟ ਇਹ ਕਿਹਾ ਕਿ ਇਸ ਗੱਲ ਨੂੰ ਬੁੱਧੀ ਦੀ ਕਸਵੱਟੀ ਤੇ ਪਰਖ ਕੇ ਨਿਰਣਾ ਕਰੋ।

– ਜੇ ਕੋ ਕਹੈ ਕਰੈ ਵੀਚਾਰੁ॥ (੩)

ਇਹ ਵਾਕ ਹਜ਼ੂਰ ਨੇ ਇਸ ਮੱਤ ਨੂੰ ਖੰਡਨ ਕਰਨ ਵੇਲੇ ਫੁਰਮਾਏ ਸਨ ਕਿ ਧਰਤੀ ਇੱਕ ਬਲਦ ਦੇ ਸਹਾਰੇ ਖੜ੍ਹੀ ਹੈ। ਇਸ ਪ੍ਰਸੰਗ ਵਿੱਚ ਹਜ਼ੂਰ ਫੁਰਮਾਉਂਦੇ ਹਨ ਕਿ ਭਲਾ ਜੇ ਇੱਕ ਛਿਨ ਲਈ ਮੰਨ ਵੀ ਲਈਏ ਕਿ ਸਾਰੀ ਧਰਤੀ ਦਾ ਭਾਰ ਬਲਦ ਨੇ ਚੁੱਕਿਆ ਹੋਇਆ ਹੈ ਤਾਂ ਇਹ ਦੱਸੋ ਕਿ ਬਲਦ ਥੱਲੇ ਕਿਹੜੀ ਸ਼ੈਅ ਹੈ ਜਿਸਨੇ ਬਲਦ ਨੂੰ ਧਰਤੀ ਸਮੇਤ ਚੁੱਕਿਆ ਹੋਇਆ ਹੈ? ਜੇ ਬਲਦ ਦੀ ਧਰਤੀ ਚੁੱਕਣ ਵਾਲੀ ਕਹਾਣੀ ਨੂੰ ਵਿਗਿਆਨ ਦੀ ਕਸਵੱਟੀ ਤੇ ਪਰਖੀਏ ਤਾਂ ਪੂਰੀ

ਨਹੀਂ ਉੱਤਰਦੀ। ਕਿਵੇਂ ਇੱਕ ਨਿੱਕਾ ਜਿਹਾ ਬਲਦ ਬੇਅੰਤ ਭਾਰ ਵਾਲੀ ਧਰਤੀ ਨੂੰ ਚੁੱਕ ਸਕਦਾ ਹੈ, ਕਸਵੱਟੀ ਤੇ ਪੂਰੀ ਨਹੀਂ ਉਤਰਦੀ।

ਪ੍ਰਮੇਸ਼ਰ ਨੇ ਸਾਨੂੰ ਬੁੱਧੀ ਬਖ਼ਸ਼ੀ ਹੈ। ਜੇ ਕੋਈ ਗੱਲ ਕਹੇ, ਉਸਦੀ ਵਿਚਾਰ ਕਰੋ ਅਤੇ ਫਿਰ ਮੰਨੋ। ਜੇ ਕੋਈ ਗਪੌੜ ਮਾਰੇ ਕਿ ਉਸਨੇ ਅੱਜ ਇੱਕ ਇੱਲ੍ਹ ਅਸਮਾਨੀ ਉੱਡਦੀ ਵੇਖੀ ਜਿਸਦੀ ਚੁੰਝ ਵਿੱਚ ਇੱਕ ਹਾਥੀ ਫੜਿਆ ਹੋਇਆ ਸੀ, ਕੀ ਇਹ ਮੰਨਣਯੋਗ ਹੈ? ਪਰ ਜੇ ਕੋਈ ਵਿਚਾਰ ਦੀ ਕਸਵੱਟੀ ਤੇ ਨਾ ਪਰਖੇ, ਉਹ ਸੱਚ ਮੰਨ ਲਵੇਗਾ। ਅਸੀਂ ਵੀ ਨਿਰਣਾ ਕਰਨਾ ਹੈ ਕਿ ਉਹ ਕਿਹੜਾ ਅੰਧੇਰਾ ਸੀ ਜਿਸ ਵਿੱਚੋਂ ਸ੍ਰੀ ਹਜ਼ੂਰ ਨੇ ਕੁਰਾਹੇ ਪਈ ਲੁਕਾਈ ਨੂੰ ਕੱਢਿਆ ਸੀ, ਉਹ ਕਿਹੜੀ ਧੁੰਦ ਸੀ ਜੋ ਗੁਰੂ ਜੀ ਦੇ ਆਉਣ ਨਾਲ ਦੂਰ ਹੋਈ?

ਗੁਰੂ ਨਾਨਕ ਸਾਹਿਬ ਦੇ ਸਿੱਖ ਦੇ ਕੀ ਲੱਛਣ ਹਨ? ਸਿੱਖੀ ਦੀ ਵਿਆਖਿਆ ਕੀ ਹੈ? ਕੀ ਅਸੀਂ ਗੁਰੂ ਦੇ ਦਰਸਾਏ ਸਿਧਾਂਤਾਂ ਤੇ ਚੱਲਣ ਵਾਲੇ ਸਿੱਖ ਹਾਂ ਜਾਂ ਐਵੇਂ ਨਾਮਧਰੀਕ ਸਿੱਖ ਹਾਂ? ਗੁਰਬਾਣੀ ਦਰਸਾਉਂਦੀ ਹੈ ਕਿ ਗੁਰੂ ਦੀ ਸਿੱਖਿਆ ਨੂੰ ਵੀਚਾਰਨਾ ਤੇ ਸਿੱਖਣਾ ਹੀ ਸਿੱਖੀ ਹੈ:

– ਸਿਖੀ ਸਿਖਿਆ ਗੁਰ ਵੀਚਾਰਿ॥ (੪੬੫)

ਵੀਚਾਰਿ ਦੇ ਰਾਰੇ ਨੂੰ ਸਿਹਾਰੀ ਹੈ, ਸੰਬੰਧਕ ਵਾਚਕ ਹੋਣ ਕਰਕੇ ਅਰਥ ਹੋਇਆ, ਗੁਰੂ ਵੀਚਾਰ ਦੁਆਰਾ ਸਿੱਖਿਆ ਨੂੰ ਜੀਵਨ ਵਿੱਚ ਘਟਾਉਣਾ, ਫਿਰ ਗੁਰੂ:

– ਨਦਰੀ ਕਰਮਿ ਲਘਾਏ ਪਾਰਿ॥ (੪੬੫)

ਆਪਣੀ ਮਿਹਰ ਨਾਲ ਕ੍ਰਿਪਾ ਦ੍ਰਿਸ਼ਟੀ ਕਰਕੇ ਸੰਸਾਰ ਰੂਪੀ ਨਦੀ ਤੋਂ ਪਾਰ ਲੰਘਾਉਂਦਾ ਹੈ। ਸਾਡੇ ਉੱਪਰ ਕ੍ਰਿਪਾ ਦ੍ਰਿਸ਼ਟੀ ਦੀ ਨਦਰ ਤਦ ਤੱਕ ਨਹੀਂ ਹੋ ਸਕਦੀ, ਜਦ ਤਾਈਂ ਅਸੀਂ ਗੁਰੂ ਦੀ ਸਿੱਖਿਆ ਨੂੰ ਵਿਚਾਰ ਦੁਆਰਾ ਨਾ ਸਿੱਖੀਏ। ਸਿੱਖ ਕੌਣ ਹੈ?

– ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (੬੦੧)

ਉਹੀ ਸਿੱਖ, ਭਾਈ, ਮਿੱਤਰ, ਸੰਬੰਧੀ ਹੈ ਜੋ ਗੁਰੂ ਦੇ ਭਾਣੇ ਵਿੱਚ ਆਉਂਦਾ ਹੈ ਤੇ ਜਿਹੜਾ ਆਪਣੇ ਭਾਣੇ ਭਾਵ ਆਪਣੀ ਮਰਜ਼ੀ ਅਨੁਸਾਰ ਟੁਰਦਾ ਹੈ, ਉਹ ਪ੍ਰਭੂ ਤੋਂ ਵਿਛੁੜ ਕੇ ਦੁੱਖੀ ਹੁੰਦਾ ਅਸਫਲਤਾਈਆਂ ਦੀਆਂ ਚੋਟਾਂ ਸਦਾ ਖਾਂਦਾ ਹੈ। ਸਨਮੁੱਖ ਸਿੱਖ ਦੇ ਲੱਛਣ ਗੁਰਮਤਿ ਵਿੱਚ ਇੰਜ ਹਨ:

– ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥ ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ (੯੧੯)

– ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥ (੬੮੦)

ਜੋ ਹਿਰਦੇ ਵਿੱਚ ਧਿਆਉਂਦਾ ਹੈ ਤੇ ਅੰਤਰ ਆਤਮੇ ਹਰ ਵੇਲੇ ਚੇਤੇ ਰੱਖਦਾ ਹੈ, ਆਪਣੀ ਅਪਣੱਤ ਨੂੰ ਛੱਡ ਕੇ ਸਦਾ ਗੁਰੂ ਆਸਰੇ ਰਹਿੰਦਾ ਹੈ, ਗੁਰੂ ਬਿਨਾਂ ਹੋਰ ਕਿਸੇ ਨੂੰ ਨਹੀਂ ਪਛਾਣਦਾ, ਉਹੀ ਸਿੱਖ ਸਤਿਗੁਰੂ ਦੇ ਸਨਮੁੱਖ ਹੁੰਦਾ ਹੈ। ਪਦ ਸਿੱਖ, ਸੇਵਕ, ਦਾਸ, ਹਰਿਜਨ ਗੁਰਬਾਣੀ ਵਿੱਚ ਇੱਕੋ ਹੀ ਅਰਥ ਭਾਵ ਰੱਖਣ ਵਾਲੇ ਪਦ ਹਨ। ਸੇਵਕ ਕੌਣ ਹੈ ਜਿਸ ਵਿੱਚ ਹੇਠਲੇ ਗੁਣ ਹੋਣ:

– ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥

ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥ (੧੨੪੭)

- ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (੨੮੬)

- ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥ (੨੮੫)

- ਬੀਸ ਬਿਸਵੇ ਗੁਰ ਕਾ ਮਨੁ ਮਾਨੈ॥ ਸੋ ਸੇਵਕੁ ਪਰਮੇਸਰੁ ਕੀ ਗਤਿ ਜਾਨੈ॥ (੨੮੭)

ਹੁਣ ਪ੍ਰਸ਼ਨ ਉਠਦਾ ਹੈ ਕਿ ਗੁਰੂ ਦਾ ਭਾਣਾ ਕੀ ਹੈ?

੧. ਕੇਵਲ ਇੱਕ ਦੀ ਟੇਕ

ਭਾਣਾ, ਆਗਿਆ, ਹੁਕਮ, ਮਤਿ, ਮਰਜ਼ੀ, ਉਪਦੇਸ਼ ਇੱਕੋ ਅਰਥ ਰੱਖਣ ਵਾਲੇ ਪਦ ਹੀ ਹਨ। ਗੁਰੂ ਦਾ ਸਿੱਖ ਇੱਕ ਸਿਰਜਣਹਾਰ, ਪਾਲਣਹਾਰ, ਬਖਸ਼ਣਹਾਰ ਤੇ ਦਾਤਾਰ ਦੀ ਟੇਕ ਰੱਖੇ ਤੇ ਐਸੀ ਗੁਣ ਭਰਪੂਰ ਹਸਤੀ ਨੂੰ ਹੀ ਮਨ ਵਿੱਚ ਮੰਨੇ।

- ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥ ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥ (੨੫੭)

- ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥ (੨੮੧)

- ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ॥ (੩੨੦)

- ਬਿਨ ਕਰਤਾਰ ਨ ਕਿਰਤਮ ਮਾਨੋ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥ (ਸ਼ਬਦ ਹਜ਼ਾਰੇ ਪ:੧੦)

- ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥ (ਸਵਈਏ ਪਾ:੧੦)

- ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਜਾਨੈ॥ (੩੩ ਸਵਈਏ ਪਾ:੧੦)

ਹੁਣ ਅਸੀਂ ਆਪਣੇ ਅੰਦਰ ਝਾਤੀ ਮਾਰਨੀ ਹੈ ਕਿ ਕੀ ਸਾਡੀ ਟੇਕ, ਓਟ ਆਸਰਾ ਕੇਵਲ ਇੱਕ ਪ੍ਰਮੇਸ਼ਰ ਜੀ ਤੇ ਹੈ? ਉੱਤਰ ਵਿੱਚ ਖੇਦ ਨਾਲ ਆਖਣਾ ਪੈਣਾ ਹੈ ਕਿ ਨਹੀਂ। ਸਿੱਖ ਤਾਂ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਅਖਵਾਉਂਦੇ ਹਾਂ ਪਰ ਗੁਰੂ ਸਾਹਿਬ ਦੇ ਉਪਦੇਸ਼ਾਂ ਦੀ ਉਲੰਘਣਾ ਕਰਦੇ ਹੋਏ, ਟੇਕ ਪਖੰਡੀਆਂ ਦੇ ਡੇਰਿਆਂ ਦੀ ਰੱਖੀ ਹੋਈ ਹੈ ਤਾਂ ਫਿਰ ਗੁਰੂ ਸਾਹਿਬ ਦੀਆਂ ਖੁਸ਼ੀਆਂ ਕਿਵੇਂ ਹੋਣ?

ਅਕਸਰ ਵੇਖਣ ਨੂੰ ਮਿਲਦਾ ਹੈ ਕਿ ਅਖੰਡਪਾਠ ਕਰਨ ਵੇਲੇ ਪਾਠ ਕਰਨ ਵਾਲੀ ਥਾਂ ਤੇ ਇੱਕ ਜਲ ਦਾ ਭਰਿਆ ਭਾਂਡਾ ਰੱਖਿਆ ਹੁੰਦਾ ਹੈ, ਉਪਰ ਲਾਲ ਰੰਗ ਦੇ ਕੱਪੜੇ ਵਿੱਚ ਨਾਰੀਅਲ ਰੱਖਿਆ ਹੁੰਦਾ ਹੈ। ਪਾਣੀ ਦੇ ਭਾਂਡੇ ਹੇਠ ਕਈ

ਪ੍ਰਕਾਰ ਦਾ ਅੰਨ ਅਤੇ ਨਾਲ ਹੀ ਇੱਕ ਪਾਸੇ ਖ਼ਾਲਸ ਘਿਉ ਦੀ ਜੋਤ ਬਲ ਰਹੀ ਹੁੰਦੀ ਹੈ। ਇੱਕ ਪਾਸੇ ਲੱਕੜੀ ਦੇ ਕੋਲੇ ਵੀ ਜਲਦੇ ਹੁੰਦੇ ਹਨ ਤੇ ਉਨ੍ਹਾਂ ਉੱਤੇ ਉਚੇਚਾ ਤਿਆਰ ਕੀਤਾ ਹੋਇਆ ਧੂਫ ਦਿੱਤਾ ਜਾ ਰਿਹਾ ਹੁੰਦਾ ਹੈ। ਵਰਣਨ ਯੋਗ ਇਹ ਵੀ ਹੈ ਕਿ ਕੋਲੇ ਵੀ ਖ਼ਾਸ ਬੇਰੀ ਦੇ ਹੁੰਦੇ ਹਨ ਅਤੇ ਧੂਫ ਵਿੱਚ ਕੋਈ ਤੀਹ ਦੇ ਕਰੀਬ ਸੁਗੰਧਤ ਮੇਵੇ ਪਾਏ ਹੁੰਦੇ ਹਨ।

ਜੇ ਕੋਈ ਪੁੱਛ ਕਰੇ ਇਹ ਚੀਜ਼ਾਂ ਕਿਉਂ ਰੱਖੀਆਂ ਜਾਂਦੀਆਂ ਹਨ ਤਾਂ ਉੱਤਰ ਵਿੱਚ ਦੱਸਿਆ ਜਾਂਦਾ ਹੈ ਕਿ ਗੁਰੂ ਘਰ ਦੀ ਮਰਿਯਾਦਾ ਚਲੀ ਆ ਰਹੀ ਹੈ ਤੇ ਕਰਨੀ ਅਵੱਸ਼ ਹੈ।

ਸਾਡੇ ਸਨਾਤਨੀ ਵੀਰ ਜੋ ਹਨੂਮਾਨ ਦੇ ਮੰਦਰਾਂ ਅੰਦਰ ਜਦੋਂ ਰਮਾਇਣ ਦਾ ਅਖੰਡਪਾਠ ਰੱਖਦੇ ਹਨ ਤਾਂ ਹੂ-ਬ-ਹੂ ਸਾਰੀਆਂ ਚੀਜ਼ਾਂ ਕੁੰਭ, ਲਾਲ ਕੱਪੜੇ ਵਿੱਚ ਨਾਰੀਅਲ, ਘਿਉ ਦੀ ਜੋਤਿ, ਕੋਲਿਆਂ ਦੀ ਅੱਗ ਤੇ ਧੂਫ, ਜਲ ਦੇ ਕੁੰਭ ਹੇਠਾਂ ਸੱਤ ਪ੍ਰਕਾਰ ਦਾ ਅਨਾਜ ਪਿਆ ਹੁੰਦਾ ਹੈ। ਜਦੋਂ ਪੁਜਾਰੀ ਨੂੰ ਪੁੱਛੋ ਤਾਂ ਉਹ ਘੁੰਡੀ ਖੋਲ੍ਹਦੇ ਹਨ-ਇਹ ਦੇਵਤੇ ਬਿਠਾਏ ਹੋਏ ਹਨ। ਕੁੰਭ ਵਿੱਚ ਪਾਣੀ ਦੇਵਤਾ ਹੈ। ਕੋਲਿਆਂ ਨੂੰ ਬਾਲ ਕੇ ਧੂਫ ਹੋਮ ਕਰਨਾ, ਹਵਾ ਦੇਵਤੇ ਦੀ ਪੂਜਾ ਹੈ। ਕਈ ਪ੍ਰਕਾਰ ਦਾ ਅੰਨ ਰੱਖਣਾ ਇਹ ਅੰਨ ਦੇਵਤੇ ਦੀ ਪੂਜਾ ਹੈ। ਜੋਤ ਜਾਲਣੀ ਅਗਨ ਦੇਵਤੇ ਦੀ ਪੂਜਾ ਹੈ। ਲਾਲ ਰੰਗ ਦਾ ਕੱਪੜਾ ਰੱਖਣ ਨਾਲ ਦੇਵੀ ਦੀ ਪੂਜਾ ਅਤੇ ਨਾਰੀਅਲ ਨਾਲ ਗੁਪਤ ਦੇਵਤੇ ਦੀ ਪੂਜਾ ਹੁੰਦੀ ਹੈ। ਉਹ ਵੀ ਇਹੀ ਕਹਿੰਦੇ ਹਨ ਕਿ ਇਹ ਮਰਿਯਾਦਾ ਅਪਰੰਪਰ ਤੋਂ ਹੀ ਤੁਰੀ ਆ ਰਹੀ ਹੈ।

ਕੀ ਸਾਡੇ ਅਖੰਡਪਾਠਾਂ ਵਿੱਚ ਇਨ੍ਹਾਂ ਚੀਜ਼ਾਂ ਦੇ ਰੱਖਣ ਦੀ ਮਰਿਯਾਦਾ ਹਿੰਦੂ ਰੀਤੀ ਤੋਂ ਨਹੀਂ ਆ ਰਹੀ? ਇਹ ਨਿਰੀ ਦੇਵੀ ਦੇਵਤਿਆਂ ਦੀ ਪੂਜਾ ਹੈ ਜੋ ਗੁਰਮਤਿ ਖੰਡਨ ਕਰਦੀ ਹੈ। ਗੁਰਮਤਿ ਕੇਵਲ ਇੱਕ ਦੀ ਪੂਜਾ, ਇੱਕ ਦਾ ਜਾਪ ਦਰਸਾ ਰਹੀ ਹੈ ਅਤੇ ਸਪੱਸ਼ਟ ਹੁਕਮ ਦੇ ਰਹੀ ਹੈ ਕਿ **"ਬਿਨ ਕਰਤਾਰ ਨ ਕਿਰਤਮ ਮਾਨੋ"**। ਰੱਬ ਦੀ ਕੀਤੀ ਹੋਈ ਵਿੱਚੋਂ ਕਿਸੇ ਨੂੰ ਨਾ ਮੰਨੋ, ਕੇਵਲ ਕੀਤੀ ਹੋਈ ਦੇ ਕਰਤੇ ਨੂੰ ਮੰਨੋ। ਇਸ ਸਬੰਧੀ ਕੁਝ ਸੁਧਾਰ ਸਿੰਘ ਸਭਾ ਲਹਿਰ ਵੇਲੇ ਹੋਇਆ ਸੀ ਪਰ ਬਦਕਿਸਮਤੀ ਨਾਲ ਸਾਡੇ ਪੰਥ ਵਿੱਚ ਸੰਤਾਂ ਮਹੰਤਾਂ ਦਾ ਬਹੁਤ ਜ਼ੋਰ ਪੈ ਚੁੱਕਾ ਹੈ ਤੇ ਉਨ੍ਹਾਂ ਦੇ ਪ੍ਰਭਾਵ ਹੇਠ ਆਮ ਸਿੱਖ ਸੰਗਤਾਂ ਉਹੀ ਕਰਦੀਆਂ ਹਨ ਜੋ ਉਹ ਹੁਕਮ ਕਰਨ, ਆਪਣੀ ਵਿਚਾਰ ਤੋਂ ਕੰਮ ਨਹੀਂ ਲੈਂਦੀਆਂ। ਇਨ੍ਹਾਂ ਉਕਤ ਕਥਿਤ ਸੰਤਾਂ ਦੇ ਸਾਹਮਣੇ ਕਿਸੇ ਦਾ ਹੀਆ ਵੀ ਨਹੀਂ ਪੈਂਦਾ ਕਿ ਕੋਈ ਗੱਲ ਉਨ੍ਹਾਂ ਦੀ ਦੱਸੀ ਮਰਿਯਾਦਾ ਦੇ ਉਲਟ ਕਹਿ ਸਕਣ।

੨. ਜਾਤ-ਪਾਤ ਤੇ ਛੂਤ-ਛਾਤ

ਗੁਰਮਤਿ ਵਿੱਚ ਸਮੂਹ ਮਨੁੱਖਾ ਜਾਤੀ ਨੂੰ ਇੱਕ ਸਮਾਨਤਾ ਦਿੱਤੀ ਗਈ ਹੈ, ਕਿਸੇ ਕਿਸਮ ਦਾ ਕੋਈ ਵਿਤਕਰਾ ਨਹੀਂ ਰੱਖਿਆ ਗਿਆ। ਇੱਥੇ ਹੀ ਬਸ ਨਹੀਂ, ਇਸ ਪ੍ਰਥਾਇ ਗੁਰੂ ਦਾ ਹੁਕਮ ਹੈ:

- ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ॥ (ਅਕਾਲ ਉਸਤਤਿ ਪਾ:੧੦)

ਸਾਰੀ ਮਨੁੱਖਾ ਜਾਤੀ ਨੂੰ ਇੱਕ ਕਰਕੇ ਪਹਿਚਾਨਣਾ ਹੈ, ਕੋਈ ਭੇਦਭਾਵ ਨਹੀਂ ਸਮਝਣਾ। ਇਹ ਕਿਉਂ, ਤਾਂ ਉੱਤਰ ਹੈ:

- ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ॥

(ਅਕਾਲ ਉਸਤਤਿ ਪਾ:੧੦)

ਹਰ ਇਨਸਾਨ ਹਾਡ, ਮਾਸ, ਨਾੜੀ ਦਾ ਪਿੰਜਰ ਹੈ। ਹਰ ਇੱਕ ਦੇ ਸਰੀਰ ਨੂੰ ਇੱਕੋ ਜਿਹੀਆਂ ਅੱਖਾਂ, ਇਕੋ ਜਿਹੇ ਕੰਨ ਹਨ। ਸਾਰਿਆਂ ਦੀ ਦੇਹ ਇੱਕੋ ਜਿਹੀ ਹੈ। ਸਰੀਰ ਦੀ ਬਨਾਵਟ ਵੀ ਇੱਕੋ ਤਰ੍ਹਾਂ ਦੀ ਹੈ। ਪਾਣੀ, ਮਿੱਟੀ, ਅਗਨੀ ਤੇ ਹਵਾ ਆਦਿ ਤੱਤਾਂ ਦੇ ਇਕੱਠ ਤੋਂ ਸਰੀਰ ਬਣਿਆ ਹੈ, ਕੋਈ ਅੰਤਰ ਨਹੀਂ, ਸਰਬ ਮਨੁੱਖ ਜਾਤੀ ਇੱਕ ਹੈ। ਛੂਤ ਛਾਤ, ਹਉਮੈ ਵੇੜ੍ਹੇ ਅਭਿਮਾਨੀਆਂ ਦੀ ਕ੍ਰਿਤ ਹੈ। ਇਹ ਸਿਧਾਂਤ ਦਸਵੇਂ ਜਾਮੇ ਵਿੱਚ ਨਵਾਂ ਨਹੀਂ ਦਰਸਾਇਆ ਗਿਆ ਸਗੋਂ ਪਹਿਲੇ ਜਾਮੇ ਤੋਂ ਇਹ ਸਿਧਾਂਤ ਦ੍ਰਿੜ੍ਹ ਕਰਵਾਏ ਗਏ ਹਨ:

– ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (੩੪੯)

– ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ (੪੬੯)

– ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ॥ (੧੩੪੬)

– ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥
ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥ ਘਟਿ ਵਧਿ ਕੋ ਕਰੈ ਬੀਚਾਰਾ॥
ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ॥ (੧੧੨੭)

– ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ (੧੩੩੦)

ਜਾਤ-ਪਾਤ ਦੇ ਝੰਬੇਲੇ ਵਿੱਚ ਉਲਝਾਉਣ ਵਾਲੇ ਬ੍ਰਾਹਮਣ ਨੂੰ ਸੰਬੋਧਨ ਹੋ ਕੇ ਗੁਰੂ ਸਾਹਿਬ ਦਰਸਾ ਰਹੇ ਹਨ:

– ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥ (੧੪੧੧)

ਉਪਰਲੇ ਸਾਰੇ ਪ੍ਰਮਾਣ ਸਿੱਧ ਕਰਦੇ ਹਨ ਕਿ ਮਨੁੱਖਾ ਜਾਤੀ ਇੱਕ ਹੈ ਭਾਵੇਂ ਕਿਸੇ ਨਸਲ ਦੀ ਹੈ, ਕਿਸੇ ਰੰਗ ਦੀ ਹੈ, ਕਿਸੇ ਦੇਸ਼ ਦੀ ਹੈ ਕੋਈ ਵਿਤਕਰਾ ਨਹੀਂ। ਕੀ ਅਸੀਂ ਇਸ ਗੁਰੂ ਦਰਸਾਏ ਸਿਧਾਂਤ ਤੇ ਪਹਿਰਾ ਦੇ ਰਹੇ ਹਾਂ? ਇਸੇ ਸਿਧਾਂਤ ਨੂੰ ਮੁੱਖ ਰੱਖ ਕੇ ਦਸਮ ਪਿਤਾ ਨੇ ਪੰਜਾਂ ਪਿਆਰਿਆਂ ਨੂੰ ਜੋ ਭਿੰਨ ਭਿੰਨ ਜਾਤਾਂ ਵਿੱਚੋਂ ਸਨ, ਇੱਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਤੇ ਫਿਰ ਉਨ੍ਹਾਂ ਤੋਂ ਆਪ ਛਕਿਆ। ਜਾਤ-ਪਾਤ, ਛੂਤ-ਛਾਤ ਦਾ ਨਾਸ ਕਰਕੇ ਖ਼ਾਲਸਾ ਸਜਾਇਆ ਸੀ। ਖ਼ਾਲਸੇ ਦੇ ਅਰਥ ਹੀ ਇਹੀ ਹਨ – ਨਿਰੋਲ ਖ਼ਾਲਸ ਜਿਸ ਵਿੱਚ ਕੋਈ ਮਿਲਾਵਟ ਨਾ ਹੋਵੇ। ਮਿਲਾਵਟ ਕਿਸ ਸ਼ੈਅ ਦੀ? ਦਵੈਸ਼ ਦੀ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਖ਼ਾਲਸਾ ਪੰਥ ਇਨ੍ਹਾਂ ਗੁਰੂ ਦ੍ਰਿੜ੍ਹਾਏ, ਪ੍ਰਚਾਰੇ, ਵਰਤੋਂ ਵਿੱਚ ਲਿਆਏ ਸਿਧਾਂਤਾਂ ਨੂੰ ਭੁਲਦਾ ਹੀ ਨਹੀਂ ਜਾ ਰਿਹਾ ਸਗੋਂ ਇਨ੍ਹਾਂ ਤੋਂ ਉਲਟ ਪ੍ਰਚਾਰ ਕਰਨ ਵਿੱਚ ਰੁਝ ਗਿਆ ਹੈ।

੩. ਥਿਤੀ ਵਾਰ ਅਤੇ ਵਰਤ

ਥਿਤੀ ਵਾਰ ਤੇ ਵਰਤ ਆਦਿ ਦਿਨ ਦਿਹਾੜਿਆਂ ਨੂੰ ਮੰਨਣਾ, ਗੁਰਮਤਿ ਇਸ ਦਾ ਖੰਡਨ ਕਰਦੀ ਹੈ ਜੇਹਾ ਅਗਲਾ ਪ੍ਰਮਾਣ ਸਿੱਧ ਕਰਦਾ ਹੈ:

– ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥ (੮੪੩)

ਥਿਤਾਂ ਵਾਰਾਂ ਨੂੰ ਸੇਵਨ ਕਰਨ ਵਾਲੇ ਮੂੜ੍ਹ ਤੇ ਗਵਾਰ ਹਨ। ਸਤਿਗੁਰੂ ਬਾਝਹੁ ਘੁੱਪ ਹਨੇਰਾ ਪਸਰਿਆ ਹੋਇਆ ਹੈ। ਜਗਤ ਭਰਮਾਂ ਵਿੱਚ ਭੰਬਲ ਭੂਸੇ ਖਾ ਰਿਹਾ ਹੈ ਤੇ ਆਪਣੀ ਸ਼ਕਤੀ ਵਿਅਰਥ ਗਵਾ ਰਿਹਾ ਹੈ।

ਇਹੋ ਤਾਂ ਗੁਰਮਤਿ ਦਾ ਸਿਧਾਂਤ ਸੀ ਪਰ ਵੇਖਣ ਨੂੰ ਕੀ ਮਿਲਦਾ ਹੈ ਸਾਡੇ ਸਿੱਖਾਂ ਦੇ ਘਰਾਂ ਵਿੱਚ? ਅੱਜ ਕੇਸੀਂ ਇਸ਼ਨਾਨ ਨਹੀਂ ਕਰਨਾ, ਅੱਜ ਸਫ਼ਰ ਤੇ ਨਹੀਂ ਜਾਣਾ, ਅੱਜ ਨਵੇਂ ਕੰਮ ਦੀ ਸ਼ੁਰੂਆਤ ਲਈ ਦਿਨ ਚੰਗਾ ਨਹੀਂ, ਨਵੇਂ ਘਰ ਦੀ ਨੀਂਹ ਰੱਖਣ ਲਈ ਅੱਜ ਦਾ ਦਿਹਾੜਾ ਸ਼ੁਭ ਨਹੀਂ, ਅੱਜ ਚਾਵਲ ਨਹੀਂ ਚਾੜ੍ਹਨੇ, ਅੱਜ ਮਹਾਂ ਪ੍ਰਸ਼ਾਦ ਨਹੀਂ ਰਿੰਨ੍ਹਣਾ, ਅੱਜ ਕੇਵਲ ਫਲਾਹਾਰੀ ਹੀ ਰਹਿਣਾ ਹੈ ਆਦਿਕ। ਇਸ ਗੁਰਮਤਿ ਦੇ ਉਲਟ ਪ੍ਰਚਾਰ ਕਰਨ ਵਿੱਚ ਸੰਤਾਂ

ਬਾਬਿਆਂ ਦਾ ਵਿਸ਼ੇਸ਼ ਹੱਥ ਹੈ। ਇਨ੍ਹਾਂ ਵੱਲੋਂ ਕਰਵਾਏ ਜਾਣ ਵਾਲੇ ਕਰਮਕਾਂਡਾਂ ਦੀ ਲਿਸਟ ਬਹੁਤ ਲੰਬੀ ਹੈ, ਕੁਝ ਕੁ ਹੇਠਾਂ ਦਰਜ਼ ਹਨ:

- ਨਵਾਂ ਮਕਾਨ ਬਨਾਉਣ ਲਈ ਅਮਕਾ ਦਿਨ ਸ਼ੁਭ ਹੈ।

- ਇਸ ਦਿਨ ਨੀਂਹ ਰੱਖਣੀ ਹੈ।

- ਮਕਾਨ ਬਣਨ ਪਿੱਛੋਂ ਫਲਾਣੇ ਦਿਨ ਪ੍ਰਵੇਸ਼ ਕਰਨਾ ਹੈ।

- ਗਊ, ਮੱਝ, ਬੈਲ, ਘੋੜਾ ਵੀ ਅਮਕੇ ਦਿਨ ਹੀ ਖ੍ਰੀਦਣਾ ਹੈ।

- ਖੇਤਾਂ ਵਿੱਚ ਬੀਜ ਵੀ ਫਲਾਣੇ ਦਿਨ ਬੀਜਣਾ ਹੈ।

- ਕੇਸੀਂ ਇਸ਼ਨਾਨ ਕੇਵਲ ਇਸੇ ਦਿਹਾੜੇ ਕਰਨਾ ਹੈ।

- ਨਵਾਂ ਪੁਸ਼ਾਕਾ ਇਨ੍ਹਾਂ ਦਿਹਾੜਿਆਂ ਵਿੱਚ ਨਹੀਂ ਪਾਉਣਾ, ਫਲਾਣੇ ਦਿਨ ਪਾਉਣਾ ਹੈ।

- ਪੂਰਨਮਾਸ਼ੀ ਨੂੰ ਵਰਤ ਰੱਖਣਾ ਹੈ। ਉਸ ਦਿਨ ਲੂਣ ਨਹੀਂ ਖਾਣਾ, ਸ਼ਾਮੀਂ ਵਰਤ ਤੋੜਨ ਤੋਂ ਪਹਿਲਾਂ ਪੂਰਨਮਾਸ਼ੀ ਦੀ ਕਥਾ ਸੁਣ ਕੇ ਭੋਜਨ ਖਾਣਾ ਹੈ।

- ਪੂਰਨਮਾਸ਼ੀ ਦੀ ਰਾਤ ਜਾਗਰਨ ਕਰਨਾ ਹੈ।

- ਕਾਰਜ ਸਿੱਧੀ ਲਈ ਅਨੇਕਾਂ ਸ਼ਬਦ ਦੱਸੇ ਜਾਂਦੇ ਹਨ ਤੇ ਪੜ੍ਹਨ ਦੀਆਂ ਵਿਧੀਆਂ ਦੱਸੀਆਂ ਜਾਂਦੀਆਂ ਹਨ।

ਭਲਿਓ! ਸਤਿਗੁਰੂ ਤਾਂ ਫੁਰਮਾਉਂਦੇ ਹਨ ਕਿ ਇਨ੍ਹਾਂ ਨੂੰ ਸੇਵਨ ਵਾਲੇ ਮੂਰਖ ਤੇ ਗਵਾਰ ਹਨ:

- ਥਿਤੀ ਵਾਰ ਸੇਵਹਿ ਮੁਗਧ ਗਵਾਰ॥ (੮੪੩)

ਇਹੋ ਜੇਹੇ ਨਖੱਟੂਆਂ ਦੀ ਸਿੱਖੀ ਸੇਵਕੀ ਇੰਨ੍ਹੀ ਵੱਧ ਚੁੱਕੀ ਹੈ ਕਿ ਘਰ-ਘਰ, ਪਿੰਡ-ਪਿੰਡ, ਹਰ ਸ਼ਹਿਰ ਕਸਬੇ ਵਿੱਚ, ਹਰ ਸੂਬੇ ਤੇ ਹਰ ਦੇਸ਼ ਵਿੱਚ ਇਨ੍ਹਾਂ ਨੇ ਆਪਣੇ ਅੱਡੇ ਬਣਾਏ ਹੋਏ ਹਨ ਤੇ ਭੋਲੇ ਭਾਲੇ ਸਿੱਖਾਂ ਨੂੰ ਲੁੱਟ ਰਹੇ ਹਨ। ਜੇ ਕਦੇ ਕੋਈ ਇਨ੍ਹਾਂ ਦੀਆਂ ਵਿਧੀਆਂ ਤੇ ਸੁਆਲ ਕਰੇ ਤਾਂ ਜਵਾਬ ਇੱਕੋ ਮਿਲਦਾ ਹੈ ਕਿ ਸ੍ਰੀ ਦਸ਼ਮੇਸ਼ ਜੀ ਨੇ ਇਹ ਵਿਧੀ ਭਾਈ ਮਨੀ ਸਿੰਘ ਜੀ ਨੂੰ ਦੱਸੀ ਸੀ। ਪਰ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਤਾਂ ਇਹ ਹੈ:

- ਜਾਗਤਿ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥਿ ਨ੍ਹਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨ ਖਾਲਸ ਜਾਨੈ॥ (੩੩ ਸਵੱਈਏ ਪਾ:੧੦)

ਪੰਜਵੇਂ ਜਾਮੇ ਵਿੱਚ ਵੀ ਗੁਰੂ ਪਾਤਸ਼ਾਹ ਦਾ ਫੁਰਮਾਨ ਹੈ:

- ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥ (੨੧੬)